# ਸਿਲਵੀਆ ਬਿਸ਼ਪ ਅਤੇ ਟੀਮ ਡੈਲਟਾ

**ਸਿਲਵੀਆ ਬਿਸ਼ਪ ਅਤੇ ਟੀਮ ਡੈਲਟਾ ਵੱਲੋਂ 9-ਨੁਕਾਤੀ 'ਕੋਡ ਆਫ਼ ਐਥੀਕਲ ਕੰਡਕਟ' ਪੇਸ਼**

ਡੈਲਟਾ ਬੀ.ਸੀ.- ਮੇਅਰਲ ਉਮੀਦਵਾਰ ਸਿਲਵੀਆ ਬਿਸ਼ਪ ਅਤੇ ਉਸਦੀ ਚਾਰ-ਮੈਂਬਰੀ ਟੀਮ ਡੈਲਟਾ ਦੀ ਸਲੇਟ ਨੇ ਵਿਸਤ੍ਰਿਤ ਨੌਂ-ਨੁਕਾਤੀ ਕੋਡ ਪੇਸ਼ ਕੀਤਾ, ਜੋ 20 ਅਕਤੂਬਰ ਨੂੰ ਬੀ.ਸੀ. ਵਿੱਚ ਹੋਣ ਵਾਲੀਆਂ ਮਿਊਂਸੀਪਲ ਚੋਣਾਂ ਦੇ ਸਮੇਂ ਦੌਰਾਨ ਨੈਤਿਕ ਆਚਾਰ-ਵਿਹਾਰ ਨੂੰ ਵਧਾਉਣ ਅਤੇ ਲਾਗੂ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ।

ਬਿਸ਼ਪ ਦਾ ਕਹਿਣਾ ਹੈ, "ਵੋਟਰਾਂ ਦੁਆਰਾ ਪ੍ਰਗਟਾਈਆਂ ਨਵੀਆਂ ਚਿੰਤਾਵਾਂ ਕਾਰਨ ਰਾਜਨੀਤੀ ਅਤੇ ਚੋਣਾਂ ਲਗਾਤਾਰ ਬਦਲ ਰਹੀਆਂ ਹਨ ਅਤੇ ਇਹਨਾਂ ਵਿੱਚ ਸੁਧਾਰ ਹੋ ਰਿਹਾ ਹੈ।"ਮੇਰਾ ਮੰਨਣਾ ਹੈ ਕਿ ਲੋਕ ਚਾਹੁੰਦੇ ਹਨ ਕਿ ਉਹਨਾਂ ਦੇ ਚੁਣੇ ਹੋਏ ਪ੍ਰਤੀਨਿਧੀ ਅਤੇ ਉਮੀਦਵਾਰ ਨਿੱਜੀ ਆਰੋਪਾਂ ਅਤੇ ਅਣ-ਉਚਿੱਤ ਵਿਵਹਾਰ ਵੱਲ ਖਚਿਤ ਹੋਣ ਦੀ ਥਾਂ ਲੋਕਾਂ ਵੱਲ ਧਿਆਨ ਦੇਣ ਅਤੇ ਖ਼ਾਸ ਮੁੱਦਿਆਂ ਤੇ ਬਹਿਸ ਕਰਨ"।

ਬਿਸ਼ਪ ਅਤੇ ਟੀਮ ਡੈਲਟਾ ਸਲੇਟ- ਜਿਸ ਵਿੱਚ ਵੈਟਰਨ ਡੈਲਟਾ ਕੌਂਸਲਰ ਰਾਬਰਟ ਕੈਂਪਬੈੱਲ, ਅਤੇ ਨਵੇਂ ਸ਼ਾਮਲ ਹੋਏ ਜੌਨ੍ਹ ਹੈਂਸਨ, ਕਿਮ ਕੈਂਡਲ ਅਤੇ ਸਿਮਰਨ ਵਾਲੀਆ ਸ਼ਾਮਲ ਹਨ-ਨੇ ਡੈਲਟਾ ਟਾਊਨ ਅਤੇ ਕਨਟਰੀ ਇਨ ਵਿਖੇ ਇੱਕ ਪ੍ਰੈੱਸ ਕਾਨਫਰੰਸ ਕੀਤੀ। ਬਿਸ਼ਪ ਦੀ ਸਲੇਟ ਦੇ ਸਾਰੇ ਮੈਂਬਰਾਂ ਨੇ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ ਅਤੇ 9-ਨੁਕਾਤੀ ਨੈਤਿਕ ਆਚਾਰ-ਵਿਹਾਰ ਦੇ ਨਿਯਮਾਂ ਤੇ (ਕੋਡ ਆਫ਼ ਐਥੀਕਲ ਕੰਡਕਟ) ਦਸਤਖ਼ਤ ਕੀਤੇ।

ਕੋਡ ਵਿੱਚ ਹੇਠ ਲਿਖੇ ਸਿਰਲੇਖਾਂ ਦੀ ਇੱਕ ਛੋਟੀ ਗਾਈਡ ਪੇਸ਼ ਕੀਤੀ ਗਈ ਹੈ:

(1) ਇਮਾਨਦਾਰੀ, (2) ਅਖੰਡਤਾ, (3) ਉਦਾਰਤਾ, (4) ਕਾਨੂੰਨ ਦਾ ਸਨਮਾਨ

(5) ਸਹਿਯੋਗ, (6) ਨਿਰਸਵਾਰਥਤਾ, (7) ਨਿਰਪੱਖਤਾ, (8) ਜ਼ਿੰਮੇਵਾਰੀ,

(8)ਅਗਵਾਈ।

ਬਿਸ਼ਪ ਨੇ ਕਿਹਾ, "ਸਾਡੀ ਕੈਮਪੇਨ ਟੀਮ 20 ਅਕਤੂਬਰ ਨੂੰ ਹੋਣ ਵਾਲੀਆਂ ਚੋਣਾਂ ਲਈ ਸਖ਼ਤ ਮਿਹਨਤ ਕਰ ਰਹੀ ਹੈ ਅਤੇ ਅਸੀਂ ਸੋਚਿਆ ਕਿ ਅਗਲੇ ਆਉਣ ਵਾਲੇ ਕਈ ਹਫ਼ਤਿਆਂ ਅਤੇ ਮਹੀਨਿਆਂ ਲਈ ਸਾਡੇ ਲਈ ਕੰਮ ਕਰਨ ਵਾਲੇ ਹਰ ਵਿਅਕਤੀ ਅਤੇ ਟੀਮ ਡੈਲਟਾ ਦੇ ਹਰ ਉਮੀਦਵਾਰ ਲਈ ਦਿਸ਼ਾ-ਨਿਰਦੇਸ਼ ਅਤੇ ਨੈਤਿਕ ਆਚਾਰ-ਵਿਹਾਰ ਦੇ ਨਿਯਮ ਨਿਰਧਾਰਿਤ ਕੀਤੇ ਜਾਣ"।

ਉਸਨੇ ਇਹ ਵੀ ਕਿਹਾ, “ਮੈਨੂੰ ਯਕੀਨ ਹੈ ਕਿ ਕੈਮਪੇਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਇਹ ਕਦਮ ਲੈ ਕੇ ਅਸੀਂ ਇਹ ਦਿਖਾਇਆ ਹੈ ਕਿ ਅਸੀਂ ਡੈਲਟਾ ਨਿਵਾਸੀਆਂ ਦੀ ਅਹਿਮ ਮੁੱਦਿਆਂ ‘ਤੇ ਅਗਵਾਈ ਕਰਾਂਗੇ ”।

“ਚੋਣਾਂ ਦੇ ਸਮੇਂ ਦੌਰਾਨ ਸਾਡਾ ਕੀਤਾ ਵਿਵਹਾਰ ਇਹ ਦਰਸਾਏਗਾ ਕਿ ਵੋਟਰਾਂ ਦੁਆਰਾ ਅਗਲੇ 4 ਸਾਲਾਂ ਲਈ ਸਾਨੂੰ ਚੁਣੇ ਜਾਣ ਤੇ ਅਸੀਂ ਅਗਵਾਈ ਕਰਨ, ਮਿਹਨਤ ਨਾਲ ਕੰਮ ਕਰਨ ਅਤੇ ਡੈਲਟਾ ਨਿਵਾਸੀਆਂ ਦਾ ਸਨਮਾਨ ਕਰਨ ਬਾਰੇ ਕੀ ਇਰਾਦਾ ਰੱਖਦੇ ਹਾਂ।


ਸੰਪਰਕ ਕਰੋ:

Jason Craik, co-campaign manager 604-603-1790

Kristy Fredericks, co-campaign manager 604-626-1374

teamdeltamedia@gmail.com

# ਪਿੱਠਭੂਮੀ

ਟੀਮ ਡੈਲਟਾ ਉਮੀਦਵਾਰਾਂ ਲਈ ਨੈਤਿਕ ਆਚਾਰ-ਵਿਹਾਰ ( ਕੋਡ ਆਫ਼ ਐਥੀਕਲ ਕੰਡਕਟ) ਦੇ ਨਿਯਮ

1. ਇਮਾਨਦਾਰੀ

ਨਿਰਪੱਖ ਅਤੇ ਸੱਚੇ ਹੋਣਾ ਇਮਾਨਦਾਰੀ ਦੀ ਵਿਸ਼ੇਸ਼ਤਾ ਹੈ। ਟੀਮ ਡੈਲਟਾ ਦੇ ਉਮੀਦਵਾਰ, ਪ੍ਰਤੀਨਿਧ, ਕੈਮਪੇਨ ਵਰਕਰਜ਼ ਅਤੇ ਟੀਮ ਡੈਲਟਾ ਨਾਲ ਸੰਬੰਧ ਰੱਖਣ ਵਾਲੇ ਹਰ ਵਿਅਕਤੀ ਦਾ ਆਚਰਣ ਇਮਾਨਦਾਰ, ਸੱਚਾ, ਨਿਰਪੱਖ ਅਤੇ ਭਰੋਸੇਯੋਗ ਹੋਣਾ ਲਾਜ਼ਮੀ ਹੈ। ਇਸ ਵਿੱਚ ਲੋਕਾਂ ਨਾਲ, ਨਿਊਜ਼ ਮੀਡੀਆ ਨਾਲ, ਵਿੱਤੀ-ਮਦਦਗਾਰਾਂ ਅਤੇ ਹੋਰਨਾਂ ਨਾਲ ਤਾਲਮੇਲ ਰੱਖਣਾ ਲਾਜ਼ਮੀ ਹੈ।

2.ਅਖੰਡਤਾ

ਟੀਮ ਡੈਲਟਾ ਦੇ ਉਮੀਦਵਾਰ, ਪ੍ਰਤੀਨਿਧ, ਕੈਮਪੇਨ ਵਰਕਰਜ਼ ਅਤੇ ਹੋਰਨਾਂ ਨੂੰ ਉਹਨਾਂ ਲੋਕਾਂ ਜਾਂ ਸੰਸਥਾਵਾਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਜੋ ਸਥਾਨਕ ਚੋਣਾਂ ਦੇ ਸਮੇਂ, ਪਹਿਲਾਂ ਜਾਂ ਬਾਦ ਵਿੱਚ ਉਹਨਾਂ ਨੂੰ ਅਣ-ਉਚਿੱਤ ਤਰੀਕੇ ਨਾਲ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਨ।

3.ਉਦਾਰਤਾ

ਟੀਮ ਡੈਲਟਾ ਦੇ ਉਮੀਦਵਾਰ, ਪ੍ਰਤੀਨਿਧ, ਕੈਮਪੇਨ ਵਰਕਰਜ਼ ਅਤੇ ਹੋਰਨਾਂ ਨੂੰ ਕਿਸੇ "ਲੁਕੇ ਏਜੰਡੇ" ਜਾਂ "ਗੁਪਤ ਉਦੇਸ਼" ਤੋਂ ਬਿਨ੍ਹਾਂ ਸਿੱਧੇ ਅਤੇ ਪਾਰਦਰਸ਼ੀ ਰੂਪ ਵਿੱਚ ਕੰਮ ਕਰਨਾ ਚਾਹੀਦਾ ਹੈ।

4.ਕਾਨੂੰਨ ਦਾ ਸਨਮਾਨ

ਟੀਮ ਡੈਲਟਾ ਦੇ ਉਮੀਦਵਾਰ, ਪ੍ਰਤੀਨਿਧ, ਕੈਮਪੇਨ ਵਰਕਰਜ਼ ਅਤੇ ਹੋਰਨਾਂ ਨੂੰ ਬ੍ਰਿਟਿਸ਼ ਕੋਲੰਬੀਆ ਦੀਆਂ ਸਥਾਨਕ ਚੋਣਾਂ ਦੇ ਕਾਨੂੰਨਾਂ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਇਸਨੂੰ ਵਧਾਉਣਾ ਵੀ ਚਾਹੀਦਾ ਹੈ। ਟੀਮ ਡੈਲਟਾ ਨੂੰ ਵੋਟ ਦੇ ਸੱਚੇ ਅਤੇ ਨਿਰਪੱਖ ਸੰਚਾਲਨ ਵਿੱਚ ਅਤੇ ਵੋਟ ਦੀ ਗੁਪਤਤਾ ਬਰਕਰਾਰ ਰੱਖਣ ਵਿੱਚ ਮਦਦ ਕਰਨੀ ਚਾਹੀਦੀ ਹੈ।

5.ਸਹਿਯੋਗ

ਟੀਮ ਡੈਲਟਾ ਦੇ ਉਮੀਦਵਾਰ, ਪ੍ਰਤੀਨਿਧ, ਕੈਮਪੇਨ ਵਰਕਰਜ਼ ਅਤੇ ਹੋਰਨਾਂ ਨੂੰ ਡੈਲਟਾ ਸ਼ਹਿਰ ਦੇ ਚੋਣ ਅਧਿਕਾਰੀਆਂ ਨਾਲ ਹਰ ਸਮੇਂ ਸਹਿਯੋਗ ਕਰਨਾ ਚਾਹੀਦਾ ਹੈ, ਜੋ ਚੋਣਾਂ ਕਰਵਾਉਣ ਅਤੇ ਵਿੱਤੀ-ਕਾਨੂੰਨ ਦਾ ਸੰਚਾਲਨ ਕਰਨ ਲਈ ਜ਼ਿੰਮੇਵਾਰ ਹਨ। ਇਹਨਾਂ ਨੂੰ ਚੋਣ ਅਧਿਕਾਰੀਆਂ ਦੀ ਡਿਊਟੀ ਵਿੱਚ ਦਖ਼ਲ ਨਹੀਂ ਦੇਣਾ ਚਾਹੀਦਾ।

6.ਨਿਰਸੁਆਰਥਤਾ

ਟੀਮ ਡੈਲਟਾ ਦੇ ਉਮੀਦਵਾਰ, ਪ੍ਰਤੀਨਿਧ, ਕੈਮਪੇਨ ਵਰਕਰਜ਼ ਅਤੇ ਹੋਰਨਾਂ ਨੂੰ ਆਪਣੇ ਨਿੱਜੀ ਹਿੱਤਾਂ ਜਾਂ ਦੋਸਤਾਂ, ਪਰਿਵਾਰਾਂ, ਸਹਿ-ਕਰਮੀਆਂ ਜਾਂ ਸਾਥੀਆਂ ਦੇ ਹਿੱਤਾਂ ਦੀ ਥਾਂ ਲੋਕ-ਹਿੱਤਾਂ ਲਈ ਪੂਰੀ ਤਰ੍ਹਾਂ ਕੰਮ ਕਰਨਾ ਚਾਹੀਦਾ ਹੈ।

7.ਨਿਰਪੱਖਤਾ

ਟੀਮ ਡੈਲਟਾ ਦੇ ਉਮੀਦਵਾਰ, ਪ੍ਰਤੀਨਿਧ, ਕੈਮਪੇਨ ਵਰਕਰਜ਼ ਅਤੇ 2018 ਦੀਆਂ ਸਥਾਨਕ ਚੋਣਾਂ ਦੀ ਮੁਹਿੰਮ ਵਿੱਚ ਟੀਮ ਡੈਲਟਾ ਨਾਲ ਸੰਬੰਧ ਰੱਖਣ ਵਾਲਿਆਂ ਨੂੰ ਬਿਹਤਰੀਨ ਰੂਪ ਵਿੱਚ ਅਤੇ ਬਿਨ੍ਹਾਂ ਕਿਸੇ ਭੇਦ-ਭਾਵ ਜਾਂ ਝੁਕਾਅ ਦੇ ਸਹੀ ਅਤੇ ਨਿਰਪੱਖ ਰੂਪ ਵਿੱਚ ਕੰਮ ਕਰਨਾ ਚਾਹੀਦਾ ਹੈ।

8.ਜ਼ਿੰਮੇਵਾਰੀ

ਟੀਮ ਡੈਲਟਾ ਦੇ ਉਮੀਦਵਾਰ, ਪ੍ਰਤੀਨਿਧ, ਕੈਮਪੇਨ ਵਰਕਰਜ਼ ਅਤੇ ਹੋਰਨਾਂ ਨੂੰ 2018 ਸਥਾਨਕ ਚੋਣਾਂ ਦੇ ਦੋਰਾਨ, ਪਹਿਲਾਂ ਜਾਂ ਬਾਦ ਵਿੱਚ ਲਏ ਹਰ ਫੈਸਲੇ ਅਤੇ ਐਕਸ਼ਨ ਲਈ ਲੋਕਾਂ ਪ੍ਰਤੀ ਜਵਾਬਦੇਹ ਹੋਣਾ ਚਾਹੀਦਾ ਹੈ।

9.ਅਗਵਾਈ

ਟੀਮ ਡੈਲਟਾ ਦੇ ਉਮੀਦਵਾਰ, ਪ੍ਰਤੀਨਿਧ, ਕੈਮਪੇਨ ਵਰਕਰਜ਼ ਅਤੇ ਹੋਰਨਾਂ ਨੂੰ ਆਪਣੇ ਅਤੇ ਦੂਜਿਆਂ ਦੇ ਸਿਧਾਤਾਂ ਨੂੰ ਦ੍ਰਿੜਤਾ ਨਾਲ ਸਹਿਯੋਗ ਦੇਣਾ ਚਾਹੀਦਾ ਹੈ ਅਤੇ ਕਿਤੇ ਵੀ ਹੋ ਰਹੇ ਅਣ-ਉਚਿੱਤ ਵਿਵਹਾਰ ਦਾ ਵਿਰੋਧ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।